# ਕਿਸੇ ਵਰਕਪਲੇਸ ਵਿਚ ਕਿਤਨੀਆਂ ਟਾਇਲਟਾਂ ਹੋਣੀਆਂ ਚਾਹੀਦੀਆਂ ਹਨ? (How many toilets should a workplace have?)

ਇਸ ਨਾਲ ਸਬੰਧਤ ਲੈਜੀਸਲੇਸ਼ਨ ਵਰਕਪਲੇਸ (ਹੈਲਥ, ਸੇਫਟੀ ਐਂਡ ਵੈਲਫੇਅਰ) ਰੈਗੂਲੇਸ਼ਨਜ 1992 ਹੈ। ਰੈਗੂਲੇਸ਼ਨ 20, ਸੈਨਿਟਰੀ ਕਨਵੀਨੀਐਂਸਿਜ (ਸੋਧ-ਸਫਾਈ ਸੁਵਿਧਾਵਾਂ) ਬਿਆਨ ਕਰਦੀ ਹੈ;

1. ਆਸਾਨ ਪਹੁੰਚ ਵਾਲੀਆਂ ਥਾਵਾਂ ਤੇ ਯੋਗ ਅਤੇ ਕਾਫੀ ਸੋਧ-ਸਫਾਈ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾਣੀਆਂ ਚਾਹੀਦੀਆਂ ਹਨ।
2. ਪ੍ਹੈਰਾ (1) ਦੀ ਵਿਆਪਕਤਾ ਨੂੰ ਕਾਇਮ ਰੱਖਦੇ ਹੋਏ, ਸੋਧ-ਸਫਾਈ ਸੁਵਿਧਾਵਾਂ ਨੂੰ ਯੋਗ ਨਹੀਂ ਸਮਝਿਆ ਜਾਂਦਾ ਜੇ ਉਹ –
   (a) ਜਿਨ੍ਹਾਂ ਕਮਰਿਆਂ ਵਿਚ ਉਹ ਹਨ ਉਨ੍ਹਾਂ ਵਿਚ ਉਚਿਤ ਰੋਸ਼ਨੀ ਅਤੇ ਹਵਾਦਾਰੀ ਨਾ ਹੋਵੇ;
   (b) ਜੇ ਉਨ੍ਹਾਂ ਨੂੰ ਅਤੇ ਜਿਹੜੇ ਕਮਰਿਆਂ ਵਿਚ ਉਹ ਹਨ ਉਨ੍ਹਾਂ ਨੂੰ ਸਾਫ ਅਤੇ ਸੁਚੱਜੇ ਢੰਗ ਨਾਲ ਨਹੀਂ ਰੱਖਿਆ ਜਾਂਦਾ; ਅਤੇ
   (c) ਜਿੱਥੇ ਹਰ ਇਕ ਸੁਵਿਧਾ ਅੰਦਰੋ ਬੰਦ ਕੀਤੇ ਜਾ ਸਕਣ ਵਾਲੇ ਦਰਵਾਜ਼ੇ ਵਾਲੇ ਅਲੱਗ ਅਲੱਗ ਕਮਰੇ ਵਿਚ ਨਾ ਹੋਵੇ ਉਥੇ ਮਰਦਾਂ ਅਤੇ ਔਰਤਾਂ ਵਾਸਤੇ ਇਹ ਸੁਵਿਧਾਵਾਂ ਵੱਖ ਵੱਖ ਕਮਰਿਆਂ ਵਿਚ ਹੋਣੀਆਂ ਚਾਹੀਦੀਆਂ ਹਨ।

ਪ੍ਰਮਾਣਤ ਕੋਡ ਆਫ ਪ੍ਰੈਕਟਿਸ ਇਨ੍ਹਾਂ ਸੁਵਿਧਾਵਾਂ ਦੀ ਲੋੜੀਂਦੀ ਘੱਟੋ ਘੱਟ ਗਿਣਤੀ ਦੇਣ ਤੱਕ ਜਾਂਦੀ ਹੈ: (ਕਾਲਮ 1 ਵਿਚ ਕੰਮ ਕਰਨ ਵਾਲੇ ਲੋਕਾਂ ਦੀ ਦਿੱਤੀ ਹੋਈ ਗਿਣਤੀ ਕਿਸੇ ਇਕ ਸਮੇਂ ਵਰਕਪਲੇਸ ਵਿਚ ਵੱਧ ਤੋਂ ਵੱਧ ਬੰਦੇ ਹੋਣ ਵੱਲ ਸੰਕੇਤ ਕਰਦੀ ਹੈ)

ਰਲਵੀਂ ਮਿਲਵੀਂ (ਜਾਂ ਸਿਰਫ ਔਰਤਾਂ ਦੀ) ਵਰਤੋਂ ਵਾਸਤੇ ਟਾਇਲਟਾਂ ਅਤੇ ਵਾਸ਼ਬੇਸਿਨਜ ਦੀ ਗਿਣਤੀ:

| ਕੰਮ ਕਰਨ ਵਾਲੇ ਲੋਕਾਂ ਦੀ ਗਿਣਤੀ | ਟਾਇਲਟਾਂ ਦੀ ਗਿਣਤੀ | ਵਾਸ਼ਬੇਸਿਨਜ ਦੀ ਗਿਣਤੀ |
|---|---|---|
| 1-5 | 1 | 1 |
| 6-25 | 2 | 2 |
| 26-50 | 3 | 3 |
| 51-75 | 4 | 4 |
| 76-100 | 5 | 5 |

ਸਿਰਫ ਮਰਦਾਂ ਦੀ ਵਰਤੋਂ ਲਈ ਟਾਇਲਟਾਂ:

| ਕੰਮ ਕਰਨ ਵਾਲੇ ਮਰਦਾਂ ਦੀ ਗਿਣਤੀ | ਟਾਇਲਟਾਂ ਦੀ ਗਿਣਤੀ | ਵਾਸ਼ਬੇਸਿਨਜ ਦੀ ਗਿਣਤੀ |
|---|---|---|
| 1-15 | 1 | 1 |
| 16-30 | 2 | 1 |
| 31-45 | 2 | 2 |
| 46-60 | 3 | 2 |
| 61-75 | 3 | 3 |

| | | |
|---|---|---|
| 76-90 | 4 | 3 |
| 91-100 | 4 | 4 |

ਹਵਾਲੇ

L24, Workplace health, safety and welfare, approved code of practice and guidance, (ISBN 0717604136 – ਐਚਐਸਈ ਬੁਕਸ ਤੋਂ ਉਪਲੱਬਧ)

- **Welfare at work - free leaflet**